OFFICE OF THE
BRITISH COLUMBIA CONTAINER
TRUCKING COMMISSIONER

31 ਮਾਰਚ, 2017

# ਓਬੀਸੀਸੀਟੀਸੀ (**OBCCTC**) ਅੱਪਡੇਟ

ਨਿਰੰਤਰ ਜਾਰੀ ਸਲਾਹ ਮਸ਼ਵਰੇ ਅਤੇ ਹਿੱਸੇਦਾਰਾਂ ਦੇ ਰੁਝਾਓ ਰਾਹੀਂ, ਆਫਿਸ ਆਫ ਦ ਬੀ ਸੀ ਕੰਟੇਨਰ ਟ੍ਰੱਕਿੰਗ ਕਮਿਸ਼ਨਰ (ਓਬੀਸੀਸੀਟੀਸੀ) ਵਾਕਫ਼ ਹੈ ਕਿ ਲੋਅਰ ਮੇਨਲੈਂਡ ਕੰਨਟੇਨਰ ਢੁਲਾਈ ਉਦਯੋਗ ਵਿੱਚ ਕੁਝ ਲੋਕ ਡਰਾਇਵਰਾਂ, ਖਾਸ ਕਰਕੇ ਸੁਤੰਤਰ ਔਪਰੇਟਰਾਂ (Independent Operators (I/O's) ਦੀ, ਲਸੰਸਸ਼ੁਦਾ ਕੰਟੇਨਰ ਟ੍ਰੱਕਿੰਗ ਸਰਵਿਸਿਜ਼ (ਸੀਟੀਐਸ) ਕੰਪਨੀਆਂ ਦੇ ਵਿਚਕਾਰ ਇੱਧਰ ਉੱਧਰ ਜਾਣ ਦੀ ਕਾਬਲੀਅਤ ਬਾਰੇ ਚਿੰਤਤ ਹਨ।

ਓਬੀਸੀਸੀਟੀਸੀ (OBCCTC) ਨੇ 2017 ਦੇ ਪਹਿਲੇ ਤਿੰਨ ਮਹੀਨਿਆਂ ਵਿੱਚ ਟਰੱਕ ਟੈਗ ਦੀ ਹਿਲਜੁਲ ਸੰਬੰਧੀ ਗਤੀਵਿਧੀ ਦੀ ਸਮੀਖਿਆ ਕੀਤੀ ਹੈ ਜਿਹੜੀ ਦਸਦੀ ਹੈ ਕਿ 74 ਸੁਤੰਤਰ ਔਪਰੇਟਰਾਂ ਨੇ ਕੰਪਨੀਆਂ ਬਦਲੀਆਂ ਹਨ ਅਤੇ ਉਪਲਬਧ ਕੰਮ ਲੱਭਿਆ ਹੈ।

ਓਬੀਸੀਸੀਟੀਸੀ (OBCCTC) ਹਿੱਸੇਦਾਰਾਂ ਦੀ ਓਬੀਸੀਸੀਟੀਸੀ ਦੀ ਲੇਖਾ ਪਰੀਖਿਆ ਕਰਨ ਦੀ ਸਮਰੱਥਾ ਬਾਰੇ ਚਿੰਤਾ ਨਾਲ ਵੀ ਵਾਕਫ਼ ਹੈ। 16 ਮਾਰਚ, 2017 ਨੂੰ ਓਬੀਸੀਸੀਟੀਸੀ ਨੇ ਹਿੱਸੇਦਾਰਾਂ ਨੂੰ ਇਹ ਦਸਦਾ ਹੋਇਆ ਇੱਕ ਸੂਚਨਾ ਪੱਤਰ ਜਾਰੀ ਕੀਤਾ ਕਿ ਉਸ ਨੇ ਆਪਣੇ ਲੇਖਾ ਪਰੀਖਿਆ (auditing) ਸਾਧਨਾਂ ਨੂੰ ਵਿਸਤ੍ਰਿਤ ਕੀਤਾ ਹੈ। ਹੁਣ ਓਬੀਸੀਸੀਟੀਸੀ ਦੇ ਕੋਲ *ਕੰਨਟੇਨਰ ਟ੍ਰੱਕਿੰਗ ਐਕਟ*, ਅਧਿਨਿਯਮ ਅਤੇ ਸੀਟੀਐਸ (CTS) ਲਾਇਸੰਸ ਦੀ ਪਾਲਣਾ ਯਕੀਨੀ ਬਣਾਉਣ ਵਾਸਤੇ ਲਾਇਸੰਸ ਧਾਰਕਾਂ ਦੀ ਲੇਖਾ ਪਰੀਖਿਆ ਜਾਰੀ ਰੱਖਣ ਲਈ 5 ਆਡੀਟਰ ਉਪਲਬਧ ਹਨ।

ਅੱਜ ਦੀ ਤਾਰੀਖ ਤੱਕ, 61 ਲੇਖਾ ਪਰੀਖਿਆਵਾਂ ਪੂਰੀਆਂ ਕੀਤੀਆਂ ਗਈਆਂ ਹਨ ਜਾਂ ਜਾਰੀ ਹਨ (ਅੱਧੇ ਲਾਇਸੰਸ ਧਾਰਕਾਂ ਤੋਂ ਵੱਧ) ਜਿੰਨ੍ਹਾਂ ਦਾ ਨਤੀਜਾ ਕੰਨਟੇਨਰ ਟ੍ਰੱਕ ਚਲਾਉਣ ਵਾਲਿਆਂ ਨੂੰ ਤਨਖਾਹ ਵਿੱਚ $2.2 ਮਿਲੀਅਨ ਦਾ ਵਾਪਸ ਕੀਤਾ ਜਾਣਾ ਹੈ।

ਦਿਲੋਂ ਤੁਹਾਡਾ,

**ਆਫਿਸ ਆਫ ਦ ਬੀ ਸੀ ਕੰਟੇਨਰ ਟ੍ਰੱਕਿੰਗ ਕਮਿਸ਼ਨਰ**

ਡੰਕਨ ਮੈਕਫੇਲ
ਕਮਿਸ਼ਨਰ

ਮਾਈਕਲ ਕਰੌਫਰਡ
ਡਿਪਟੀ ਕਮਿਸ਼ਨਰ